International Journal of Business Economics and Management Research
Vol. 9, Issue 2, February 2018 Impact Factor: 4.963 ISSN: (2229-4848)
www.skirec.org Email Id: skirec.org@gmail.com

# ਖ਼ਿਲਾਫ਼ਤ ਅੰਦੋਲਨ; ਬ੍ਰਿਟਿਸ਼ ਸਰਕਾਰ ਦੇ ਖ਼ਿਲਾਫ਼

Mandeep Kaur, Village Mirpur, Tehsil Khamanon, District Fatehgarh Sahib-141411, Punjab, India

ਪਹਿਲੇ ਵਿਸ਼ਵ ਯੁੱਧ ਵਿਚ ਤੁਰਕੀ ਨੇ ਮਿੱਤਰ ਰਾਸ਼ਟਰਾਂ ਦੇ ਵਿਰੁੱਧ ਜਰਮਨੀ ਦਾ ਸਾਥ ਛੱਡ ਦਿੱਤਾ ਸੀ। ਭਾਰਤ ਦੇ ਮੁਸਲਮਾਨ ਤੁਰਕੀ ਦੇ ਸੁਲਤਾਨ ਨੂੰ ਆਪਣਾ ਧਾਰਮਿਕ ਆਗੂ ਮੰਨਦੇ ਸਨ।ਪਹਿਲੇ ਵਿਸ਼ਵ ਯੁੱਧ ਵਿਚ ਤੁਰਕੀ ਅੰਗਰਜ਼ਾਂ ਦੇ ਵਿਰੁੱਧ ਲੜਿਆ ਸੀ। ਪਹਿਲੇ ਵਿਸ਼ਵ ਯੁੱਧ ਦੌਰਾਨ ਇੰਗਲੈਂਡ ਦੇ ਪਰਧਾਨ ਮੰਤਰੀ ਨੇ ਭਾਰਤੀ ਮੁਸਲਮਾਨਾਂ ਨੂੰ ਵਿਸ਼ਵਾਸ ਦਿੱਤਾ ਕਿ ਖ਼ਲੀਫ਼ੇ ਨਾਲ ਚੰਗਾ ਵਿਵਹਾਰ ਕੀਤਾ ਜਾਵੇਗਾ,ਪਰ ਵਿਸ਼ਵ ਯੁੱਧ ਤੋਂ ਬਾਅਦ ਸੇਵਰਸ ਦੀ ਸੰਧੀ ,1920 ਅਨੁਸਾਰ ਤੁਰਕੀ ਨੂੰ ਕਈ ਭਾਗਾਂ ਵਿੱਚ ਵੰਡ ਦਿੱਤਾ ਗਿਆ ਤੇ ਸੁਲਤਾਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ , ਜਿਸ ਕਰਕੇ ਭਾਰਤੀ ਮੁਸਲਮਾਨਾਂ ਵਿੱਚ ਰੋਸ ਪੈਦਾ ਹੋ ਗਿਆ ਅਤੇ ਉਹਨਾਂ ਨੇ ਭਾਰਤ ਦੀ ਅੰਗਰੇਜ਼ੀ ਸਰਕਾਰ ਖ਼ਿਲਾਫ਼ ਅੰਦੋਲਨ ਸ਼ੁਰੂ ਕਰ ਦਿੱਤਾ ,ਜਿਸ ਨੂੰ 'ਖ਼ਿਲਾਫ਼ਤ ਅੰਦੋਲਨ' ਦੇ ਨਾਂ ਨਾਲ ਜਾਣਿਆ ਜਾਂਦਾ ਹੈ ।ਇਸ ਅੰਦੋਲਨ ਦੇ ਪਰਮੁੱਖ ਨੇਤਾ ਸ਼ੋਕਤ ਅਲੀ ,ਮੁਹੰਮਦ ਅਲੀ ,ਹਕੀਮ ਅਜਮਖਾਂ ,ਮੌਲਾਨਾ ਅਬੁਲ ਕਲਾਮ ਆਜ਼ਾਦ ਸਨ। ਮਹਾਤਮਾ ਗਾਂਧੀ ਨੇ ਵੀ ਇਸ ਅੰਦੋਲਨ ਦਾ ਸਮਰਥਨ ਕੀਤਾ।

ਇਸਲਾਮ ਧਰਮ ਨੂੰ ਮੰਨਣ ਵਾਲੇ ਸਾਰੇ ਮੁਸਲਮਾਨ ਲੋਕ ਆਪਣੇ ਧਾਰਮਿਕ ਗੁਰੂ ਦਾ ਬਹੁਤ ਸਤਿਕਾਰ ਕਰਦੇ ਸਨ। ਹਿੰਦੁਸਤਾਨੀ ਮੁਸਲਮਾਨਾਂ ਤੁਰਕੀ ਦੇ ਸੁਲਤਾਨ ਨੂੰ ਆਪਣਾ ਖ਼ਲੀਫ਼ਾ ਮੰਨਦੇ ਸਨ। ਉਹ ਖ਼ਲੀਫ਼ਾ ਦੁਆਰਾ ਦਿੱਤੇ ਹੁਕਮ ਨੂੰ ਮੰਨਣਾ ਆਪਣਾ ਧਰਮ ਮੰਨਦੇ ਸਨ।ਪਹਿਲੇ ਵਿਸ਼ਵ ਯੁੱਧ ਵਿਚ ਤੁਰਕੀ ਨੇ ਅੰਗਰੇਜ਼ਾਂ ਦਾ ਸਾਥ ਨਹੀਂ ਦਿੱਤਾ ਸੀ ਸਗੋਂ ਅੰਗਰੇਜ਼ਾਂ ਦੇ ਖ਼ਿਲਾਫ਼ ਜਰਮਨੀ ਦਾ ਸਾਥ ਦਿੱਤਾ ਸੀ। ਇਸ ਤਰ੍ਹਾਂ ਭਾਰਤੀ ਮੁਸਲਮਾਨਾਂ ਨੇ ਵੀ ਤੁਰਕੀ ਦਾ ਸਾਥ ਦਿੱਤਾ ਸੀ ਅਤੇ ਅੰਗਰੇਜ਼ਾਂ ਦਾ ਵਿਰੋਧ ਕੀਤਾ ਸੀ।

ਇੰਗਲੈਂਡ ਨੇ ਚਲਾਕੀ ਨਾਲ ਭਾਰਤੀ ਮੁਸਲਮਾਨਾਂ ਦਾ ਦਿਲ ਜਿੱਤ ਲਿਆ।ਯੁੱਧ ਵਿੱਚ ਇਗਲੈਂਡ ਨੇ ਐਲਾਨ ਕੀਤਾ ਸੀ ਕਿ ਉਹ ਯੁੱਧ ਖ਼ਤਮ ਹੋਣ ਤੋਂ ਬਾਅਦ ਤੁਰਕੀ ਨੂੰ ਕਿਸੇ ਕਿਸਮ ਦਾ ਨੁਕਸਾਨ ਨਹੀਂ ਹੋਣ ਦੇਣਗੇ , ਜਿਸ ਕਰਕੇ ਭਾਰਤੀ ਮੁਸਲਮਾਨਾਂ ਨੇ ਇੰਗਲੈਂਡ ਦੀ ਸਹਾਇਤਾ

ਕੀਤੀ ,ਪਰ ਅੰਗਰੇਜ਼ਾਂ ਨੇ ਆਪਣਾ ਕੋਈ ਵੀ ਐਲਾਨ ਪੂਰਾ ਨਾ ਕੀਤਾ , ਤੁਰਕੀ ਦੇ ਸੁਲਤਾਨ ਦੀਆਂ ਕਿਸੇ ਵੀ ਮੰਗਾਂ ਵੱਲ ਕੋਈ ਵੀ ਧਿਆਨ ਨਾ ਦਿੱਤਾ ਅਤੇ ਤੁਰਕੀ ਤੋਂ ਮੈਸੋਪੋਟਾਮੀਆ ,ਅਰਬ ,ਸੀਰੀਆ ਆਦਿ ਸਾਰੇ ਰਾਜ ਇਕ ਸੰਧੀ ਦੇ ਅਨੁਸਾਰ ਖੋਹ ਲਏ ਗਏ । ਖੋਹੇ ਹੋਏ ਰਾਜਾਂ ਦੀ ਵੰਡ ਅੰਗਰੇਜ਼ਾਂ ਅਤੇ ਫ਼ਰਾਂਸੀਸੀਆਂ ਨੇ ਆਪਸ ਵਿੱਚ ਕਰ ਲਈ ਅਤੇ ਖ਼ਲੀਫ਼ਾ ਨੂੰ ਕੈਦ ਕਰ ਲਿਆ ਗਿਆ, ਜਿਸ ਕਰਕੇ ਭਾਰਤੀ ਮੁਸਲਮਾਨਾਂ ਦਾ ਖ਼ੂਨ ਖੋਲ ਗਿਆ ਤੇ ਉਹਨਾਂ ਨੇ ਅੰਗਰੇਜ਼ਾਂ ਦੇ ਖ਼ਿਲਾਫ਼ ਅੰਦੋਲਨ ਸ਼ੁਰੂ ਕਰ ਦਿੱਤਾ।

ਮਹਾਤਮਾ ਗਾਂਧੀ ਦਾ ਵਿਚਾਰ ਸੀ ਕਿ ਮੁਸਲਮਾਨਾਂ ਦਾ ਸਾਥ ਦੇ ਕੇ ਭਾਰਤ ਵਿੱਚ ਹਿੰਦੂ-ਮੁਸਲਿਮ ਏਕਤਾ ਕਾਇਮ ਕੀਤੀ ਜਾ ਸਕਦੀ ਹੈ। ਇਸ ਲਈ ਮਹਾਤਮਾ ਗਾਂਧੀ ਦੀ ਅਗਵਾਈ ਹੇਠ ਡਾਕਟਰ ਅੰਸਾਰੀ,ਅਲੀ ਭਰਾ ਤੇ ਹੋਰ ਮੁਸਲਮਾਨ ਨੇਤਾਵਾਂ ਦੀ ਹਾਜ਼ਰੀ ਵਿੱਚ ਇਕ ਪ੍ਰਤੀਨਿਧੀ ਮੰਡਲ ਅੰਗਰੇਜ਼ੀ ਗਵਰਨਰ ਕੋਲ ਭੇਜ ਦਿੱਤਾ ਗਿਆ , ਪਰ ਤੁਰਕੀ ਦੇ ਸੰਬੰਧ ਵਿੱਚ ਮੁਸਲਮਾਨਾਂ ਦੇ ਪੱਖ ਦੀ ਕੋਈ ਵੀ ਗੱਲ ਨਾ ਸੁਣੀ ।ਇੰਗਲੈਂਡ ਦੇ ਪ੍ਰਧਾਨ ਮੰਤਰੀ ਨੇ ਇਸ ਸੰਬੰਧ ਵਿੱਚ ਉੱਤਰ ਦਿੱਤਾ ਕਿ ਤੁਰਕੀ ਦਾ ਸਮਰਾਟ ਸਿਰਫ਼ ਤੁਰਕੀ ਤੇ ਹੀ ਆਪਣਾ ਅਧਿਕਾਰ ਰੱਖ ਸਕਦਾ ਹੈ। ਤੁਰਕੀ ਤੋਂ ਬਿਨਾਂ ਉਹ ਕਿਸੇ ਵੀ ਹੋਰ ਗ਼ੈਰ-ਤੁਰਕ ਦੇਸ਼ ਤੇ ਆਪਣਾ ਹੱਕ ਨਹੀਂ ਰੱਖ ਸਕਦਾ। 19 ਮਾਰਚ,1920 ਈਸਵੀ ਨੂੰ ਅੰਗਰੇਜ਼ ਸਰਕਾਰ ਦਾ ਜਵਾਬ ਮਿਲਣ ਤੇ ਇਸ ਦਿਨ ਨੂੰ 'ਸ਼ੋਕ ਦਿਵਸ' ਵਜੋਂ ਮਨਾਇਆ ਗਿਆ।

ਸ਼ੋਕਤ ਅਲੀ ਨੇ ਇਹ ਐਲਾਨ ਕਰ ਦਿੱਤਾ ਕਿ ਜੇਕਰ ਤੁਰਕੀ ਦੇ ਸੰਬੰਧ ਵਿੱਚ ਕੋਈ ਵੀ ਫ਼ੈਸਲਾ ਨਾ ਲਿਆ ਗਿਆ ਤਾਂ ਉਹ ਅੰਗੇਰਜ਼ੀ ਸਰਕਾਰ ਦੇ ਨਾਲ ਕੀਤੀ ਸੰਧੀ ਨੂੰ ਰੱਦ ਕਰ ਦੇਣਗੇ ਤੇ ਕਦੇ ਵੀ ਉਹਨਾਂ ਦੇ ਨਾਲ ਵਫ਼ਾਦਾਰੀ ਨਹੀਂ ਕਰਨਗੇ। ਭਾਰਤੀ ਮੁਸਲਮਾਨ ਜਾਣਦੇ ਸਨ ਕਿ ਪਹਿਲੇ ਵਿਸ਼ਵ ਯੁੱਧ ਦੌਰਾਨ ਅੰਗੇਰਜ਼ੀ ਸਰਕਾਰ ਦਾ ਸਾਥ ਦੇ ਕੇ ਆਪਣੇ ਲਈ ਖ਼ਤਰਾ ਪੈਦਾ ਕਰ ਲਿਆ ਹੈ। ਉਹ ਜਾਣਦੇ ਸਨ ਕਿ ਅੰਗਰੇਜ਼ ਤੁਰਕੀ ਤੋਂ ਬਦਲਾ ਜ਼ਰੂਰ ਲੈਣਗੇ ਕਿਉਂਕਿ ਉਹਨਾਂ ਨੇ ਆਪਣੇ ਧਾਰਮਿਕ ਆਗੂ ਦਾ ਸਾਥ ਦਿੱਤਾ ਸੀ ਇਸ ਤਰ੍ਹਾਂ ਦੇ ਹਾਲਾਤਾਂ ਕਾਰਣ ਮੁਸਲਮਾਨਾਂ ਨੂੰ ਹਮੇਸ਼ਾ ਇੰਗਲੈਂਡ ਤੋਂ ਖ਼ਤਰਾ ਸੀ।

ਤੁਰਕੀ ਦੇ ਸੁਲਤਾਨ ਤੇ ਇੰਗਲੈਂਡ ਦੇ ਵਿਚਕਾਰ ਆਪਸੀ ਸੰਬੰਧਾਂ ਵਿੱਚ ਕੁੜੱਤਣ ਆ ਜਾਣ ਕਾਰਨ ਮੁਸਲਿਮ ਲੀਗ ਵੀ ਅੰਗਰੇਜ਼ਾਂ ਦੇ ਵਿਰੁੱਧ ਹੋ ਗਈ। ਮੁਸਲਿਮ ਲੀਗ ਨੇ ਕਾਂਗਰਸ ਨਾਲ ਆਪਣੇ ਸੰਬੰਧ ਸੁਧਾਰਨ ਦਾ ਯਤਨ ਕੀਤਾ ਜਿਸ ਦੇ ਨਤੀਜੇ ਵਜੋਂ ਦੋਨਾਂ ਦੇ ਵਿੱਚ ਲਖਨਉ ਵਿੱਚ ਇਕ ਸਮਝੌਤਾ ਹੋਇਆ,ਜਿਸਨੂੰ 'ਲਖਨਉ ਸਮਝੌਤੇ' ਦੇ ਨਾਂ ਨਾਲ ਜਾਣਿਆ ਜਾਂਦਾ ਹੈ । ਇਸ ਸਮਝੌਤੇ ਨੂੰ ਭਾਰਤੀ ਇਤਿਹਾਸ ਵਿੱਚ 'ਕਾਂਗਰਸ-ਲੀਗ ਯੋਜਨਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਸਮਝੌਤੇ

International Journal of Business Economics and Management Research
Vol. 9, Issue 2, February 2018 Impact Factor: 4.963 ISSN: (2229-4848)
www.skirec.org Email Id: skirec.org@gmail.com

ਅਨੁਸਾਰ ਕਾਂਗਰਸ ਤੇ ਮੁਸਲਿਮ ਲੀਗ ਨੇ ਆਪਸ ਵਿੱਚ ਮਿਲਕੇ ਸੁਤੰਤਰਤਾ ਅੰਦੋਲਨ ਵਿੱਚ ਸੰਘਰਸ਼ ਕਰਨ ਦਾ ਫ਼ੈਸਲਾ ਕੀਤਾ। ਲਖਨਊ ਵਿੱਚ ਪ੍ਰਸਿੱਧ ਹਸਤੀਆਂ ਦੇ ਯਤਨਾਂ ਕਰਕੇ ਨਰਮ ਦਲ ਤੇ ਗਰਮ ਦਲ ਦਾ ਦੁਬਾਰਾ ਪੁਨਰ ਮਿਲਾਪ ਹੋ ਗਿਆ।

ਫ਼ਰਵਰੀ।1920 ਈਸਵੀ ਵਿੱਚ ਭਾਰਤ ਦੇ ਮੁਸਲਮਾਨਾਂ ਨੇ ਅੰਗਰਜ਼ਾਂ ਦੇ ਖ਼ਿਲਾਫ਼ ਇਕ ਅੰਦੋਲਨ ਸ਼ੁਰੂ ਕਰ ਦਿੱਤਾ,ਜਿਸਨੂੰ ਖ਼ਿਲਾਫ਼ਤ ਅੰਦੋਲਨ ਦੇ ਨਾਮ ਨਾਲ ਜਾਣਿਆ ਜਾਂਦਾ ਹੈ।ਇਸ ਅੰਦੋਲਨ ਵਿੱਚ ਗਾਂਧੀ ਜੀ ਦੀ ਪਰਧਾਨਗੀ ਹੇਠ ਭੇਜੇ ਗਏ ਪ੍ਰਤੀਨਿਧੀ ਮੰਡਲ ਦੀ ਅਸਫਲਤਾ ਦੇ ਕਾਰਨਾਂ ਬਾਰੇ ਵਿਚਾਰ ਕੀਤੀ ਗਈ ਅਤੇ ਖ਼ਿਲਾਫ਼ਤ ਅੰਦੋਲਨ ਦਾ ਏਜੰਡਾ ਉਲੀਕਿਆ ਗਿਆ । ਇਸ ਵਿੱਚ ਮੁਸਲਮਾਨਾਂ ਨੇ ਖ਼ਿਲਾਫ਼ਤ ਸਮਿਤੀ ਬਣਾਈ ਗਈ।ਅੰਗਰਜ਼ਾਂ ਵਿਰੁੱਧ ਮੌਲਾਨਾ ਮਹਿਮੂਦ੍ਉਲ੍ ਹਸਨ ਦੀ ਅਗਵਾਈ ਹੇਠ ਜਮੀਅਤ੍ਉਲ੍ਉਲਮਾ ਨਾਂ ਦੀ ਇੱਕ ਸੰਸਥਾ ਦੀ ਸਥਾਪਨਾ ਕੀਤੀ ਗਏ। ਇਸ ਸੰਸਥਾ ਨੇ ਅੰਗਰਜ਼ਾਂ ਦੁਆਰਾ ਤੁਰਕੀ ਦੇ ਸੁਲਤਾਨ ਵਿਰੁੱਧ ਕੀਤੇ ਬੁਰੇ ਵਿਵਹਾਰ ਬਾਰੇ ਨਿਦਿਆਂ ਕੀਤੀ।ਡਾਕਟਰ ਅੰਸਾਰੀ ਦੀ ਅਗਵਾਈ ਹੇਠ ਇੱਕ ਹੋਰ ਪ੍ਰਤੀਨਿਧੀ ਮੰਡਲ ਬਣਿਆ ਗਿਆ ,ਇਸ ਮੰਡਲ ਨੇ ਵਾਇਸਰਾਏ ਦੇ ਸਾਹਮਣੇ ਮੰਗ ਰੱਖੀ ਕਿ ਤੁਰਕੀ ਨੂੰ ਕਿਸੇ ਤਰ੍ਹਾਂ ਦੀ ਕੋਈ ਵੀ ਹਾਣੀ ਨਾਂ ਪਹੁੰਚਾਈ ਜਾਵੇ ਅਤੇ ਨਾਲ ਹੀ ਧਾਰਮਿਕ ਆਗੂ ਖ਼ਲੀਫ਼ੇ ਦੀਆਂ ਸ਼ਕਤੀਆਂ ਵਿੱਚ ਕਿਸੇ ਤਰ੍ਹਾਂ ਦੀ ਕੋਈ ਕਟੌਤੀ ਨਾ ਕੀਤੀ ਜਾਵੇ,ਪਰ ਅੰਗੇਰਜ਼ੀ ਸਰਕਾਰ ਨੇ ਉਹਨਾਂ ਦੀਆਂ ਮੰਗਾਂ ਨੂੰ ਨਜ਼ਰਅੰਦਾਜ ਕਰ ਦਿੱਤਾ ।ਇਸ ਮਗਰੋਂ ਮੌਲਾਨਾ ਮੁਹੰਮਦ ਅਲੀ ਦੀ ਅਗਵਾਈ ਹੇਠ ਇੱਕ ਪ੍ਰਤੀਨਿਧੀ ਮੰਡਲ ਭਾਰਤ ਦੇ ਸਕੱਤਰ ਫਿਸ਼ਰ ਤੇ ਪ੍ਰਧਾਨ ਮੰਤਰੀ ਲਾਰਡ ਜਾਰਜ ਨੂੰ ਮਿਲਿਆ ਪਰ ਇਸ ਦਾ ਵੀ ਕੋਈ ਮਹੱਤਵਪੂਰਨ ਨਤੀਜਾ ਨਾ ਨਿਕਲਿਆ ।

## ਸਿੱਟਾ [ Conclusion ] ;-

ਸੰਖੇਪ ਵਿੱਚ ਅਸੀਂ ਕਹਿ ਸਕਦੇ ਹਨ ਕਿ ਬ੍ਰਿਟਿਸ਼ ਸਰਕਾਰ ਦੇ ਖ਼ਿਲਾਫ਼ ਅੰਦੋਲਨ ਸ਼ੁਰੂ ਹੋਣ ਦੇ ਪਿੱਛੇ ਕਈ ਕਾਰਣ ਜ਼ਿਮੇਵਾਰ ਸਨ,ਜਿਨ੍ਹਾਂ ਵਿੱਚੋਂ ਪਹਿਲਾ ਵਿਸ਼ਵ ਯੁੱਧ ਪ੍ਰਮੁੱਖ ਸੀ । ਖ਼ਿਲਾਫ਼ਤ ਅੰਦੋਲਨ ਵਿੱਚ ਤੇਜ਼ੀ ਲੈ ਕੇ ਆਉਣ ਲਈ 19 ਮਾਰਚ ,1920 ਈਸਵੀ ਦੇ ਦਿਨ ਨੂੰ ਸ਼ੋਕ-ਦਿਸਵ ਦੇ ਰੂਪ ਵਿੱਚ ਮਨਾਇਆ ਗਿਆ। ਬ੍ਰਿਟਿਸ਼ ਸਰਕਾਰ ਦੇ ਖ਼ਿਲਾਫ਼ ਰੋਸ ਮੁਜ਼ਾਰੇ, ਨਾਅਰੇਬਾਜ਼ੀ ਤੇ ਦਿਖਾਵੇ ਵੀ ਕੀਤੇ ਗਏ, ਪਰ ਇਹ ਸਭ ਬ੍ਰਿਟਿਸ਼ ਸਰਕਾਰ ਦਾ ਧਿਆਨ ਆਪਣੇ ਵਾਲ ਆਕਰਸ਼ਿਤ ਨਾ ਕਰ ਸਕੇ। ਬ੍ਰਿਟਿਸ਼ ਸਰਕਾਰ ਨੇ ਭਾਰਤੀ ਲੋਕ ਵਿੱਚ ਆਪਸੀ ਫੁੱਟ ਪੈਦਾ ਕਰਨ ਲਈ ਬਹੁਤ ਸਾਰੇ ਯਤਨ ਕੀਤੇ। ਗਾਂਧੀ ਜੀ ਨੇ ਇਸ ਸਭ ਤੋਂ ਦੁੱਖੀ ਹੋ ਕੇ 10 ਮਾਰਚ,1920 ਈਸਵੀ ਵਾਲੇ ਦਿਨ ਭਾਰਤੀ ਲੋਕਾਂ ਨ੍ਮਿਲਵਰਤਨ ਦਾ ਇਕੋ ਇਕ ਰਸਤਾ ਦੱਸਿਆ। ਗਾਂਧੀ ਜੀ ਨੇ ਉਹਨਾਂ ਨੂੰ ਦੱਸਿਆ ਕਿ ਬ੍ਰਿਟਿਸ਼ ਸਰਕਾਰ ਨੇ ਮੁਸਲਮਾਨਾਂ ਦੇ ਅਧਿਕਾਰ ਖੋਹੇ ਹਨ,ਉਹਨਾਂ ਦੀਆਂ ਮੰਗਾਂ ਨਹੀਂ ਸਵੀਕਾਰ ਕੀਤਾ ।ਇਸ ਸਭ ਤੋਂ ਪ੍ਰਭਾਵਿਤ ਹੋ ਕੇ ਭਾਰਤੀ ਲੋਕਾਂ ਨੇ ਖ਼ਿਲਾਫ਼ਤ ਅੰਦੋਲਨ ਦੇ ਨਾਲ ਨਾਲ ਨਾ-ਮਿਲਵਰਤਨ

ਅੰਦੋਲਨ ਵੀ ਸ਼ੁਰੂ ਕਰ ਦਿੱਤਾ ।ਬ੍ਰਿਟਿਸ਼ ਸਰਕਾਰ ਦਾ ਵਿਰੋਧ ਕਰਨ ਲਈ ਭਾਰਤੀ ਲੋਕਾਂ ਨੇ ਸਰਕਾਰੀ ਨੌਕਰੀਆਂ ਛੱਡ ਦਿੱਤੀਆਂ ਤੇ ਗਾਂਧੀ ਜੀ ਦਾ ਸਾਥ ਦਿੱਤਾ ।

## ਹਵਾਲੇ ਨੋਟ [ References ] ;-


- **ਬਿਪਨ ਚੰਦਰ, Indian Struggle for Independence**
- **ਸੁਮਿਤ ਸਰਕਾਰ ,ਮਾਡਰਨ ਇੰਡੀਆ**
- **ਇਸਤਾ ਬੈਨਰਜੀ ਦੁਬੇ ,ਹਿਸਟਰੀ ਆਫ਼ ਮਾਡਰਨ ਇੰਡੀਆ**
- **ਬੀ.ਐੱਲ.ਗਰੋਵਰ , A Text of Modern Indian History**
- **ਐੱਸ.ਐੱਲ.ਸੀਕਰੀ, ਭਾਰਤ ਦਾ ਰਾਸ਼ਟਰੀ ਅੰਦੋਲਨ ਅਤੇ ਸੰਵਿਧਾਨਿਕ ਵਿਕਾਸ [1858 -1947]**